- **ਪੈਰਾਸਿਟਾਮੋਲ ਪ੍ਰਤੀ ਕਿਗ੍ਰਾ**

**ਖੁਰਾਕ**

10-15 ਮਿਗ੍ਰਾ ਪ੍ਰਤੀ ਕਿਗ੍ਰਾ ਸਰੀਰ ਦਾ ਵਜਨ, ਹਰ 6-8 ਘੰਟਿਆਂ ਬਾਅਦ ਦੋਹਰਾਇਆ ਜਾਣਾ ਚਾਹੀਦਾ ਹੈ।

**ਜਿਵੇਂ ਕਿ:**

10 ਕਿਗ੍ਰਾ ਵਜਨ = 100-150 ਮਿਗ੍ਰਾ ਪੈਰਾਸਿਟਾਮੋਲ ਨੂੰ ਹਰ 6-8 ਘੰਟਿਆਂ ਬਾਅਦ ਦੋਹਰਾਇਆ ਜਾਣਾ ਚਾਹੀਦਾ ਹੈ।

**ਅਧਿਕਤਮ ਰੋਜ਼ ਦੀ ਖੁਰਾਕ**

ਉਨ੍ਹਾਂ ਬੱਚਿਆਂ ਵਿੱਚ 80 ਮਿਗ੍ਰਾ ਪ੍ਰਤੀ ਕਿਗ੍ਰਾ ਵਜਨ ਜਿਨ੍ਹਾਂ ਦਾ ਵਜਨ

50 ਕਿਗ੍ਰਾ ਨਾਲੋਂ ਘੱਟ ਹੈ।

ਉਨ੍ਹਾਂ ਬੱਚਿਆਂ ਵਿੱਚ 3 ਗ੍ਰਾ ਜਿਨ੍ਹਾਂ ਦਾ ਵਜਨ 50 ਕਿਗ੍ਰਾ ਨਾਲੋਂ ਜ਼ਿਆਦਾ ਹੈ।

- **ਆਈਬੁਪ੍ਰੋਫੇਨ ਪ੍ਰਤੀ ਕਿਗ੍ਰਾ** *(ਤੀਜੇ ਮਹੀਨੇ ਤੋਂ ਅਤੇ 6 ਕਿਗ੍ਰਾ ਤੋਂ ਜ਼ਿਆਦਾ ਵਜਨ ਤੋਂ ਸ਼ੁਰੂ ਕਰਦੇ ਹੋਏ)*

**ਖੁਰਾਕ**

10 ਮਿਗ੍ਰਾ ਪ੍ਰਤੀ ਕਿਗ੍ਰਾ ਸਰੀਰਦਾ ਵਜਨ, ਹਰ 8 ਘੰਟਿਆਂ ਬਾਅਦ ਦੋਹਰਾਇਆ ਜਾਣਾ ਚਾਹੀਦਾ ਹੈ।

**ਜਿਵੇਂ ਕਿ:**

10 ਕਿਗ੍ਰਾ ਵਜਨ = 100 ਮਿਗ੍ਰਾ ਆਈਬੁਪ੍ਰੋਫੇਨ ਨੂੰ ਹਰ 6-8 ਘੰਟਿਆਂ ਬਾਅਦ ਦੋਹਰਾਇਆ ਜਾਣਾ ਚਾਹੀਦਾ ਹੈ।

**ਅਧਿਕਤਮ ਰੋਜ਼ ਦੀ ਖੁਰਾਕ**

ਉਨ੍ਹਾਂ ਬੱਚਿਆਂ ਵਿੱਚ 30 ਮਿਗ੍ਰਾ ਪ੍ਰਤੀ ਕਿਗ੍ਰਾ ਵਜਨ ਜਿਨ੍ਹਾਂ ਦਾ ਵਜਨ 50 ਕਿਗ੍ਰਾ ਨਾਲੋਂ ਘੱਟ ਹੈ।

ਉਨ੍ਹਾਂ ਬੱਚਿਆਂ ਵਿੱਚ 1200 ਮਿਗ੍ਰਾ ਜਿਨ੍ਹਾਂ ਦਾ ਵਜਨ 50 ਕਿਗ੍ਰਾ ਨਾਲੋਂ ਜ਼ਿਆਦਾ ਹੈ।

## ਯਾਦ ਰੱਖੋ

- ਖੁਰਾਕ ਦੀਆਂ ਤਰੁਟੀਆਂ ਦੇ ਜੋਖਮ ਨੂੰ ਘੱਟ ਕਰਨ ਲਈ, ਪੈਕੇਟ ਨਾਲ **ਨੱਥੀ ਕੀਤੇ ਡਿਸਪੈਂਸਰ ਦਾ ਉਪਯੋਗ ਕਰੋ** , ਨਾ ਕਿ ਛੋਟੇ ਚਮਚੇ ਜਾਂ ਹੋਰ ਦਵਾਈਆਂ ਦੇ ਡਿਸਪੈਂਸਰਾਂ ਦਾ ਉਪਯੋਗ।
- ਉਹ ਮਾੜੇ ਪ੍ਰਭਾਵ ਹੋਣ ਦੀ ਸੰਭਾਵਨਾ ਨੂੰ ਘੱਟ ਕਰਨਲਈ**ਆਈਬੁਪ੍ਰੋਫੇਨ** ਅਤੇ **ਪੈਰਾਸਿਟਾਮੋਲ** ਦੇ **ਸੰਯੁਕਤ ਜਾਂ ਬਦਲੇ ਉਪਯੋਗ ਤੋਂ ਪਰਹੇਜ਼ ਕਰੋ** ਜੋ ਕਿ ਵੱਧ ਸਕਦੇ ਹਨ।
- **ਆਈਬੁਪ੍ਰੋਫੇਨ ਅਤੇ/ਜਾਂ ਪੈਰਾਸਿਟਾਮੋਲ** ਦਾ ਉਪਯੋਗ ਫੇਬ੍ਰਾਈਲ ਦੌਰਿਆਂ ਨੂੰ ਨਹੀਂ ਰੋਕਦਾ ਹੈ।

SERVIZIO SANITARIO REGIONALE
EMILIA-ROMAGNA
Azienda Unità Sanitaria Locale di Reggio Emilia
IRCCS Istituto in tecnologie avanzate e modelli assistenziali in oncologia

# ਬੁਖਾਰ ਅਤੇ ਦਰਦ ਲਈ ਫਾਰਮਾਸਿਉਟਿਕਲਸ ਦੀਆਂ ਖੁਰਾਕਾਂ

*ਰੇਜੀਓ ਏਮਿਲੀਆ ਦੇ ਸਿਹਤ ਦੇਖਭਾਲ ਅਧਿਕਾਰੀ ਐਜ਼ੀਂਡਾ ਯੂਐਸਐਲ-ਆਈਆਰਸੀਸੀਐਸ ਦੇ ਪ੍ਰਾਥਮਿਕ ਦੇਖਭਾਲ ਬਾਲ ਚਿਕਿਤਸਕਾਂ ਅਤੇ ਹਸਪਤਾਲ-ਅਧਾਰਤ ਬਾਲ ਚਿਕਿਤਸਕਾਂ ਦੁਆਰਾ ਲਿੱਖਿਆ ਅਤੇ ਸਾਂਝਾ ਕੀਤਾ ਸੂਚਕ ਇਸ਼ਤਿਹਾਰ*



## ਭੂਮਿਕਾ

**ਪੈਰਾਸਿਟਾਮੋਲ ਅਤੇ ਆਈਬੁਪ੍ਰੋਫੇਨ** ਬੱਚਿਆਂ ਵਿੱਚ ਬੁਖਾਰ ਜਾਂ ਦਰਦ ਹੋਣ ਦੇ ਮਾਮਲੇ ਵਿੱਚ ਉਪਯੋਗ ਕੀਤੇ ਜਾਣ ਵਾਲੇ ਪਸੰਦੀਦਾ ਫਾਰਮਾਸਿਉਟਿਕਲਸ ਹਨ।

ਮੂੰਹ ਦੁਆਰਾ ਦੇਣਾ ਸਭ ਤੋਂ ਵਧੀਆ ਵਿਕਲਪ ਹੈ ਕਿਉਂਕਿ ਇਹ ਉਨ੍ਹਾਂ ਸਪੋਸਿਟਰੀਆਂ ਤੋਂ ਉਲਟ ਦਵਾਈ ਦੀ ਵਧੀਆ ਤਰੀਕੇ ਨਾਲ ਖੁਰਾਕ ਦਿੱਤੇ ਜਾਣ ਨੂੰ ਯੋਗ ਕਰਦਾ ਹੈ ਜਿਨ੍ਹਾਂ ਨੂੰ ਸਿਰਫ ਉਲਟੀ ਆਉਣ ਦੇ ਮਾਮਲੇ ਵਿੱਚ ਉਪਯੋਗ ਕੀਤਾ ਜਾਣਾ ਚਾਹੀਦਾ ਹੈ ਜਾਂ ਜੇ ਬੱਚਾ ਇਸ ਨੂੰ ਮੂੰਹ ਦੁਆਰਾ ਲੈਣ ਤੋਂ ਇਨਕਾਰ ਕਰਦਾ ਹੈ।

**12 ਸਾਲ ਤੋਂ ਘੱਟ ਉਮਰ ਦੇ ਬੱਚੇ ਨੂੰ ਐਸਪਿਰਿਨ (ਏਸਿਟਾਈਲਸੈਲੀਸਿਲਿਕ ਐਸਿਡ) ਨਾ ਦਿਓ**



## ਦਵਾਈ

- **ਪੈਰਾਸਿਟਾਮੋਲ**

ਸ਼ਿਸ਼ੂਆਂ ਨੂੰ ਵੀ ਦਿੱਤੀ ਜਾ ਸਕਦੀ ਹੈ। ਬਜ਼ਾਰ ਵਿੱਚ ਉਪਲਬਧ ਹੈ: ਬੂੰਦਾਂ, ਸਿਰਪ, ਸੈਸ਼ੇ, ਗੋਲੀਆਂ, ਉਮਰ ਦੇ ਮੁਤਾਬਕ ਘੁਲਣਸ਼ੀਲ ਸੂਤਰੀਕਰਨ।

**ਚੇਤਾਵਨੀ**

ਬੂੰਦਾਂ ਅਤੇ ਸਿਰਪ ਦੇ ਫਾਰਮੈਟਾਂ ਵਿੱਚ ਪਰੇਸ਼ਾਨ ਨਾ ਹੋਵੋ ਕਿਉਂਕਿ ਇਸ ਦਾ ਜ਼ਿਆਦਾ ਖੁਰਾਕ ਦੇਣ ਵਿੱਚ ਸਿੱਟਾ ਨਿਕਲ ਸਕਦਾ ਹੈ।

**ਖੁਰਾਕ**

10-15 ਮਿਗ੍ਰਾ ਪ੍ਰਤੀ ਕਿਗ੍ਰਾ ਸਰੀਰ ਦਾ ਵਜਨ(*ਉਦਾਹਰਣ 10 ਕਿਗ੍ਰਾ ਵਜਨ = 100-150 ਮਿਗ੍ਰਾ ਪੈਰਾਸਿਟਾਮੋਲ*), ਜਿਸ ਨੂੰ ਹਰ 6-8 ਘੰਟਿਆਂ ਬਾਅਦ ਦੋਹਰਾਇਆ ਜਾ ਸਕਦਾ ਹੈ ਜੇ ਬੱਚੇ ਨੂੰ ਬੁਖਾਰ ਅਤੇ ਬੇਚੈਨੀ ਜਾਂ ਦਰਦ ਹੋਣੀ ਜਾਰੀ ਰਹਿੰਦੀ ਹੈ।

**ਅਧਿਕਤਮ ਰੋਜ਼ ਦੀ ਖੁਰਾਕ**

ਉਨ੍ਹਾਂ ਬੱਚਿਆਂ ਵਿੱਚ 80 ਮਿਗ੍ਰਾ ਪ੍ਰੀ ਕਿਗ੍ਰਾ ਵਜਨ ਜਿਨ੍ਹਾਂ ਦਾ ਵਜਨ 50 ਕਿਗ੍ਰਾ ਨਾਲੋਂ ਘੱਟ ਹੈ ਜਾਂ ਉਨ੍ਹਾਂ ਬੱਚਿਆਂ ਵਿੱਚ 3 ਗ੍ਰਾ ਜਿਨ੍ਹਾਂ ਦਾ ਵਜਨ 50 ਕਿਗ੍ਰਾ ਨਾਲੋਂ ਜ਼ਿਆਦਾ ਹੈ।

**ਹਮੇਸ਼ਾ ਪੈਕੇਟ ਤੇ ਦਿੱਤੇ ਗਏ ਸੰਕੇਤਾਂ ਦੀ ਪਾਲਣਾ ਕਰੋ।**

## ➢ ਆਈਬੁਪ੍ਰੋਫੇਨ

ਤੀਜੇ ਮਹੀਨੇ ਤੋਂ ਅਤੇ 6 ਕਿਗ੍ਰਾ ਤੋਂ ਜ਼ਿਆਦਾ ਸਰੀਰ ਦੇ ਵਜਨਤੋਂ ਸ਼ੁਰੂ ਕਰਦੇ ਹੋਏ, ਪੈਰਾਸਿਟਾਮੋਲ ਦਾ ਇੱਕ ਵਿਕਲਪ।

**ਬਜ਼ਾਰ ਵਿੱਚ ਉਪਲਬਧ ਹੈ:** ਉਮਰਅਤੇ ਵਜਨਦੇ ਮੁਤਾਬਕ, ਸਿਰਪ, ਗੋਲੀਆਂ, ਘੁਲਣਸ਼ੀਲਸੈਸ਼ੇ, ਬੂੰਦਾਂ।

**ਖੁਰਾਕ**

10 ਮਿਗ੍ਰਾ ਪ੍ਰਤੀ ਕਿਗ੍ਰਾ ਸਰੀਰ ਦਾ ਵਜਨ(ਜਿਵੇਂ ਕਿ 10 ਕਿਗ੍ਰਾ ਵਜਨ= 100 ਮਿਗ੍ਰਾ ਆਈਬੁਪ੍ਰੋਫੇਨ) ਨੂੰ ਹਰ8 ਘੰਟਿਆਂ ਬਾਅਦ ਦੋਹਰਾਇਆ ਜਾਣਾ ਚਾਹੀਦਾ ਹੈ।

**ਅਧਿਕਤਮ ਰੋਜ਼ ਦੀ ਖੁਰਾਕ**

ਉਨ੍ਹਾਂ ਬੱਚਿਆਂ ਵਿੱਚ 30 ਮਿਗ੍ਰਾ ਪ੍ਰੀ ਕਿਗ੍ਰਾ ਵਜਨਜਿਨ੍ਹਾਂ ਦਾ ਵਜਨ40 ਕਿਗ੍ਰਾ ਨਾਲੋਂ ਘੱਟ ਹੈ ਜਾਂ ਉਨ੍ਹਾਂ ਬੱਚਿਆਂ ਵਿੱਚ 1200 ਮਿਗ੍ਰਾ ਜਿਨ੍ਹਾਂ ਦਾ ਵਜਨ40 ਕਿਗ੍ਰਾ ਨਾਲੋਂ ਜ਼ਿਆਦਾ ਹੈ।
ਇਸਨੂੰ ਭਰੇ ਪੇਟ ਦਿੱਤਾ ਜਾਣਾ ਅਤੇ ਬੱਚੇ ਨੂੰ ਥੋੜ੍ਹਾ-ਥੋੜ੍ਹਾ ਪਰਬਾਰ-ਬਾਰ ਪਾਣੀ ਪੀਣ ਲਈਸੱਦਾ ਦਿੰਦੇ ਹੋਏ, ਤਰਲ ਦੀ ਕਾਫੀ ਪੂਰਤੀ ਦੀ ਗਰੰਟੀ ਦੇਣਾ ਸਭਤੋਂ ਵਧੀਆ ਵਿਕਲਪ ਹੈ।

**ਛੋਟੀ ਮਾਤਾ ਅਤੇ ਦਸਤ ਹੋਣ ਦੇ ਮਾਮਲੇ ਵਿੱਚ ਉਪਯੋਗ ਨਾ ਕਰੋ।**

**ਹਮੇਸ਼ਾ ਪੈਕੇਟ ਤੇ ਦਿੱਤੇ ਗਏ ਸੰਕੇਤਾਂ ਦੀ ਪਾਲਣਾ ਕਰੋ।**